# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 09-12-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਰਾਜਸਥਾਨ ਅਤੇ ਹਰਿਆਣਾ ਦੇ ਦੌਰੇ 'ਤੇ ਨੇ। ਪ੍ਰਧਾਨ ਮੰਤਰੀ ਨੇ ਰਾਜਸਥਾਨ ਵਿੱਚ ਜੈਪੁਰ ਪ੍ਰਦਰਸ਼ਨੀ ਅਤੇ ਕਾਨਫਰੰਸ ਕੇਂਦਰ ਵਿੱਚ 'ਰਾਈਜ਼ਿੰਗ ਰਾਜਸਥਾਨ' ਆਲਮੀ ਸਿਖਰ ਸੰਮੇਲਨ-2024 ਦਾ ਉਦਘਾਟਨ ਕੀਤਾ । ਇਸ ਮੌਕੇ ਸ਼੍ਰੀ ਮੋਦੀ ਨੇ ਸਮਾਗਮ ਵਿੱਚ ਮੌਜੂਦ ਲੋਕਾਂ ਨੂੰ ਸੰਬੋਧਨ ਕਰਦਿਆਂ, ਇਸ ਦਿਨ ਨੂੰ, ਰਾਜਸਥਾਨ ਦੀ ਵਿਕਾਸ ਯਾਤਰਾ ਵਿੱਚ ਮਹੱਤਵਪੂਰਨ ਕਰਾਰ ਦਿੱਤਾ । ਉਨ੍ਹਾਂ ਰਾਜਸਥਾਨ ਸਰਕਾਰ ਨੂੰ, ਇਸ ਸਮਾਗਮ ਲਈ ਵਧਾਈ ਦਿੱਤੀ । ਸ਼੍ਰੀ ਮੋਦੀ ਨੇ ਕਿਹਾ ਕਿ ਅੱਜ ਦੁਨੀਆ ਦਾ ਹਰ ਮਾਹਰ ਅਤੇ ਨਿਵੇਸ਼ਕ, ਭਾਰਤ ਨੂੰ ਲੈਕੇ ਬਹੁਤ ਉਤਸ਼ਾਹਿਤ ਏ । ਅੱਜ ਰਿਫੋਰਮ, ਪ੍ਰਫੋਰਮ ਤੇ ਟ੍ਰਾਂਸਫੋਰਮ ਯਾਨੀ ਸੁਧਾਰ ,ਕਾਰਗੁਜ਼ਾਰੀ ਅਤੇ ਕਾਇਆ ਪਲਟ ਦੇ ਮੰਤਰ

ਤੇ ਚਲਦੇ ਹੋਏ, ਭਾਰਤ ਨੇ ਜੋ ਵਿਕਾਸ ਕੀਤਾ ਏ, ਉਹ ਹਰ ਖੇਰਤ ਵਿੱਚ ਨਜ਼ਰ ਆਉਂਦਾ ਏ।

**BYTE:**

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਵਰਗੇ ਵਿਭਿੰਤਾਵਾਂ ਵਾਲੇ ਮੁਲਕ ਵਿੱਚ, ਲੋਕਰਾਜ ਵੱਧ-ਫੁੱਲ ਅਤੇ ਸ਼ਸ਼ਕਤ ਹੋ ਰਿਹਾ ਏ ,ਜੋ ਆਪਣੇ ਆਪ ਵਿੱਚ ਇਕ ਬਹੁਤ ਵੱਡੀ ਉਪਲਬਧੀ ਏ ।

**BYTE**

ਦੁਪਹਿਰ ਨੂੰ ਪ੍ਰਧਾਨ ਮੰਤਰੀ, ਪਾਣੀਪਤ ਵਿੱਚ ਬੀਮਾ ਸਖੀ ਯੋਜਨਾ ਦੀ ਸ਼ੁਰੂਆਤ ਕਰਨਗੇ। ਇਹ ਯੋਜਨਾ 18 ਤੋਂ 70 ਸਾਲ ਦੀ ਉਮਰ ਦੀਆਂ ਔਰਤਾਂ ਨੂੰ ਸਸ਼ਕਤ ਕਰਨ ਲਈ ਏ ਜੋ 10ਵੀਂ ਜਮਾਤ ਪਾਸ ਕਰ ਚੁੱਕੀਆਂ ਨੇ। ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ, ਹਰਿਆਣਾ ਦੇ ਕਰਨਾਲ ਵਿੱਚ ਮਹਾਰਾਣਾ ਪ੍ਰਤਾਪ ਬਾਗਬਾਨੀ ਯੂਨੀਵਰਸਿਟੀ ਦੇ ਮੁੱਖ ਕੈਂਪਸ ਦਾ ਨੀਂਹ ਪੱਥਰ ਵੀ ਰੱਖਣਗੇ। ਯੂਨੀਵਰਸਿਟੀ ਕੋਲ ਅੰਡਰ-ਗਰੈਜੂਏਟ ਅਤੇ ਪੋਸਟ ਗ੍ਰੈਜੂਏਟ ਪੜ੍ਹਾਈ ਲਈ, ਇੱਕ ਬਾਗਬਾਨੀ ਕਾਲਜ ਅਤੇ ਬਾਗਬਾਨੀ ਦੇ 10 ਵਿਸ਼ਿਆਂ ਨੂੰ ਕਵਰ ਕਰਨ ਵਾਲੇ ਪੰਜ ਸਕੂਲ ਹੋਣਗੇ।

------------------------------------------------------------

ਰਾਸ਼ਟਰੀ ਰਾਜਧਾਨੀ ਦਿੱਲੀ ਦੇ ਕੁਝ ਸਕੂਲਾਂ ਨੂੰ ਅੱਜ ਸਵੇਰੇ ਈਮੇਲ ਰਾਹੀਂ ਬੰਬ ਦੀ ਧਮਕੀ ਮਿਲੀ ਏ। ਦਿੱਲੀ ਪੁਲਿਸ ਦੇ ਪੀ.ਆਰ.ਓ ਸੰਜੇ ਤਿਆਗੀ ਨੇ ਕਿਹਾ ਕਿ ਪੁਲਿਸ ਦੀਆਂ ਟੀਮਾਂ ਈਮੇਲ ਮਿਲਣ ਤੋਂ ਤੁਰੰਤ ਬਾਅਦ ਸਾਰੀਆਂ ਥਾਵਾਂ 'ਤੇ ਪਹੁੰਚ ਗਈਆਂ ਨੇ। ਉਨ੍ਹਾਂ ਸਾਰੇ ਸਕੂਲਾਂ ਅਤੇ ਬੱਚਿਆਂ ਦੀ ਸੁਰੱਖਿਆ ਦਾ ਵੀ ਭਰੋਸਾ ਦਿੱਤਾ। ਸ਼੍ਰੀ ਤਿਆਗੀ ਨੇ ਕਿਹਾ ਕਿ ਪੁਲਿਸ ਈਮੇਲ ਦੇ ਸਰੋਤ ਦਾ ਪਤਾ ਲਗਾ ਰਹੀ ਏ ਅਤੇ ਉਸ ਵਿਰੁੱਧ ਲੋੜੀਂਦੀ ਕਾਰਵਾਈ ਕਰੇਗੀ।

------------------------------------------------------------

ਕੇਂਦਰ ਸਰਕਾਰ ਦੀ ਆਯੁਸ਼ਮਾਨ ਯੋਜਨਾ ,ਅੰਮ੍ਰਿਤਸਰ ਦੇ ਲੋਕਾਂ ਲਈ ਕਾਫ਼ੀ ਫਾਇਦੇਮੰਦ ਸਾਬਿਤ ਹੋ ਰਹੀ ਐ। BJP ਨੇਤਾ ਤਰਨ ਚੁੱਗ ਨੇ ਕਿਹਾ ਕਿ  ਕਿਹਾ ਕਿ ਹਰ ਵਰਗ ਦੇ ਆਯੁਸ਼ਮਾਨ ਕਾਰਡ ਬਣਾਏ ਜਾ ਰਹੇ ਨੇ। ਉਨ੍ਹਾਂ ਕਿਹਾ ਕਿ ਕਿਹਾ ਕਿ ਲੋਕ ਖਾਸ ਕਰ ਬਜ਼ੁਰਗ ਸ਼ਹਿਰ ਦੇ ਕਿਸੇ ਵੀ ਹਸਪਤਾਲ ਵਿੱਚ ਜਾ ਕੇ 5 ਲੱਖ ਤੱਕ ਦਾ ਮੁਫ਼ਤ ਇਲਾਜ

ਕਰਵਾ ਸਕਦੇ ਨੇ। ਤਰੁਣ ਚੁੱਗ ਨੇ ਕਿਹਾ ਕਿ ਹਲਕਾ ਸੈਂਟਰ ਦੇ ਅੰਦਰ 298 ਬਜ਼ੁਰਗਾਂ ਦੇ ਆਯੂਸ਼ਮਾਨ ਕਾਰਡ ਬਣਾਏ ਗਏ ਨੇ।

-----------------------------------------------------------

ਪੰਜਾਬ ਵਿਧਾਨ ਸਭਾਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਏ ਕਿ ਚੰਗੀਆਂ ਕਿਤਾਬਾਂ, ਇਨਸਾਨ ਦੇ ਭਵਿੱਖ ਨੂੰ ਰੋਸ਼ਨ ਕਰਨ ਦੇ ਨਾਲ ਨਾਲ, ਬੌਧਿਕ ਅਮੀਰੀ 'ਚ ਵੀ ਵਾਧਾ ਕਰਦੀਆਂ ਨੇ। ਉਹ ਬਠਿੰਡਾ ਵਿਖੇ ''ਮੇਲਾ ਜਾਗਦੇ ਜੁਗਨੂੰਆਂ ਦਾ'' ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਬੋਲ ਰਹੇ ਸਨ। ਇਹ ਮੇਲਾ ਆਮ ਲੋਕਾਂ ਨੂੰ ਸਿਹਤਮੰਦ ਭੋਜ਼ਨ ਪ੍ਰਤੀ ਜਾਗਰੂਕ ਕਰਨ, ਪੁਰਾਤਨ ਸੱਭਿਆਚਾਰ ਅਤੇ ਸਾਹਿਤ ਨਾਲ ਜੋੜਨ ਲਈ ਕਾਰਗਰ ਸਾਬਿਤ ਹੋਇਆ। ਇਸ ਚਾਰ ਰੋਜ਼ਾਂ ਮੇਲੇ ਦੌਰਾਨ ਵੱਖ-ਵੱਖ ਜੈਵਿਕ ਉਤਪਾਦਾਂ, ਪੁਰਾਤਨ ਵਸਤਾਂ ਅਤੇ ਸਾਹਿਤ ਸਬੰਧੀ ਕਿਤਾਬਾਂ ਦੇ ਸਟਾਲਾਂ,ਪੰਜਾਬੀ ਸੱਭਿਆਚਾਰ ਨਾਲ ਸਬੰਧਤ ਨਾਟਕ, ਕਵਾਲੀਆਂ ਤੋਂ ਇਲਾਵਾ, ਸਫ਼ਲ ਕਿਸਾਨਾਂ ਤੇ ਹੋਰ ਖੇਤਰ 'ਚ ਮੱਲਾਂ ਮਾਰਨ ਵਾਲੀਆਂ ਮਹਾਨ ਹਸਤੀਆਂ ਵਲੋਂ ਰੂ-ਬ-ਰੂ ਪ੍ਰੋਗਰਾਮ ਵੀ ਪੇਸ਼ ਕੀਤੇ ਗਏ।

-----------------------------------------------------------------

ਜਿਲ੍ਹਾ ਬਰਨਾਲ਼ਾ ਦੇ ਪਿੰਡ ਪੰਡੋਰੀ ਦੇ ਭਾਈ ਘਨਈਆ ਯੁਵਕ ਸੇਵਾਵਾਂ ਕਲੱਬ ਦੇ ਮੈਂਬਰਾਂ ਵਲੋਂ, ਪਿੰਡ ਨੂੰ ਨਸ਼ਾ ਮੁਕਤ ਕਰਵਾਉਣ ਦੇ ਮੰਤਵ ਨਾਲ ਕੱਲ ਇਕ ਨਾਟਕ ਦੇ ਪੇਸ਼ਕਾਰੀ ਕੀਤੀ ਗਈ। ਜਿਲ੍ਹਾ ਬਰਨਾਲਾ ਦੇ ਸਹਾਇਕ ਡਾਇਰੈਕਟਰ ਅਰੁਣ ਕੁਮਾਰ ਨੇ ਦੱਸਿਆ ਕਿ ਯੁਵਕ ਸੇਵਾਵਾਂ ਵਿਭਾਗ ਵਲੋ ਪਿੰਡ ਪੱਧਰ ਤੇ ਫੈਲੇ ਨਸ਼ਿਆ ਦੀ ਰੋਕਥਾਮ ਬਾਰੇ ਪ੍ਰੇਰਿਤ ਕਰਨ ਲਈ ਨੌਜਵਾਨਾਂ ਵੱਲੋਂ ਨੁੱਕੜ ਨਾਟਕ ਕਰਵਾਏ ਜਾ ਰਹੇ ਨੇ, ਜਿਸਦੇ ਤਹਿਤ ਜ਼ਿਲ੍ਹੇ ਦੇ ਪਿੰਡ ਪੰਡੋਰੀ ਵਿਚ ਇਹ ਪਹਿਲਾ ਨਾਟਕ ਕਰਵਾਇਆ ਗਿਆ। ਇਸ ਸਮਾਗਮ ਵਿਚ ਜਿਲ੍ਹਾ ਬਰਨਾਲ਼ਾ ਦੇ ਟਰੈਫਿਕ ਵਿੰਗ ਵਿਚ ਕਮ ਕਰਦੇ ASI ਜਗਪਾਲ ਸਿੰਘ ਨੇ ਨਾਟਕ ਦੀ ਸ਼ਲਾਘਾ ਕੀਤੀ ।